# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।

ਵੱਲ

ਸਬੰਧਤ ਕੱਲਸਟਰ ਮੁਖੀ
ਸਸਸ/ਸਹਸ
ਜ਼ਿਲ੍ਹਾ ਮਾਨਸਾ।

ਪੱਤਰ ਨੰ:ਆਈ.ਸੀ.ਟੀ./ਸੱਵਛ ਲੈਬ ਅਭਿਆਨ/2019/ 20408 ਮਿਤੀ: 21-06-2019

ਵਿਸ਼ਾ:- '' ਸਵੱਛ ਕੰਪਿਊਟਰ ਲੈਬ'' ਸਬੰਧੀ ਰਿਪੋਰਟ ਭੇਜਣ ਬਾਰੇ।

ਹਵਾਲਾ: ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੇ ਪੱਤਰ ਨੰ: 2/5- ਆਈ.ਸੀ.ਟੀ.-2019 /Misc./2019147254 ਮਿਤੀ:16.05.2019 ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਲੜੀਵਾਰਤਾ ਵਿੱਚ ਸਰਕਾਰੀ ਸਕੂਲਾਂ ਵਿੱਚ ਸਥਾਪਿਤ ਕੰਪਿਊਟਰ ਲੈਬਜ਼ ਦੀ ਸਵੱਛਤਾ ਨੂੰ ਮੁੱਖ ਰੱਖਦੇ ਹੋਏ ਸਕੂਲਾਂ ਵਿੱਚ ''ਸਵੱਛ ਕੰਪਿਊਟਰ ਲੈਬ'' ਮੁਕਾਬਲੇ ਕਰਵਾਏ ਗਏ ਹਨ। ਇਸ ਕੰਪੀਟੀਸ਼ਨ ਦਾ ਮੁੱਖ ਉਦੇਸ਼ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਦੀ ਸਾਫ-ਸਫਾਈ ਰੱਖਣ ਲਈ ਕੰਪਿਊਟਰ ਫੈਕਲਟੀਜ਼ ਅਤੇ ਸਕੂਲਾਂ ਨੂੰ ਉਤਸ਼ਾਹਿਤ ਕਰਨਾ ਹੈ।

ਉਪਰੋਕਤ ਸਬੰਧੀ ''ਸਵੱਛ ਕੰਪਿਊਟਰ ਲੈਬ'' ਦੀ ਚੋਣ ਲਈ ਕੱਲਸਟਰ ਪੱਧਰ ਤੇ ਇੱਕ ਕਮੇਟੀ ਗਠਿਤ ਕਰਨ ਸਬੰਧੀ ਲਿਖਿਆ ਗਿਆ ਸੀ। ਜਿਸ ਦੇ ਕੱਲਸਟਰ ਮੁੱਖੀ ਖੁਦ ਚੇਅਰਮੈਨ ਕੱਲਸਟਰ ਅਧੀਨ ਸਕੂਲਾਂ ਵਿੱਚੋਂ ਇੱਕ ਸੀਨੀਅਰ ਮੁੱਖ ਅਧਿਆਪਕ/ਲੈਕਚਰਾਰ ਅਤੇ ਇੱਕ ਤਜਰਬੇਕਾਰ ਕੰਪਿਊਟਰ ਫੈਕਲਟੀ/ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲਾ ਕਰਮਚਾਰੀ ਮੈਂਬਰ ਹੋਣਗੇ। ਕਮੇਟੀ ਵੱਲੋਂ ਕੱਲਸਟਰ ਅਧੀਨ ਸਕੂਲਾਂ ਵਿੱਚੋਂ ਨਾਲ ਨੱਥੀ Parameters ਅਨੁਸਾਰ ਆਪਣੇ ਕੱਲਸਟਰ ਵਿੱਚੋਂ ਇੱਕ ਸੱਵਛ ਕੰਪਿਊਟਰ ਲੈਬ ਸਸਸ/ਸਹਸ ਵਿੱਚੋਂ ਅਤੇ ਇੱਕ ਸੱਵਛ ਕੰਪਿਊਟਰ ਲੈਬ ਮਿਡਲ ਸਕੂਲਾਂ ਵਿੱਚੋਂ ਚੋਣ ਕੀਤੀ ਜਾਣੀ ਸੀ ਅਤੇ ਚੋਣ ਕੀਤੇ ਗਏ ਸਕੂਲਾਂ ਦੀ ਰਿਪੋਰਟ ਨੱਥੀ Parameters ਪ੍ਰੋਫਾਰਮੇ ਤੇ ਜ਼ਿਲ੍ਹਾ ਦਫ਼ਤਰ ਦੀ ਆਈ.ਸੀ.ਟੀ. ਬ੍ਰਾਂਚ ਵਿਖੇ ਜਮ੍ਹਾਂ ਕਰਵਾਉਣ ਸਬੰਧੀ ਲਿਖਿਆ ਗਿਆ ਸੀ।

ਪ੍ਰੰਤੂ ਨਿਮਨ ਦਰਜ ਕੱਲਸਟਰਾਂ ਵੱਲੋਂ ਉਕਤ ਸਬੰਧੀ ਰਿਪੋਰਟ ਅਜੇ ਤੱਕ ਵੀ ਦਫ਼ਤਰ ਵਿਖੇ ਨਹੀਂ ਭੇਜੀ ਗਈ ਹੈ। ਸੋ ਸਬੰਧਤ ਕੱਲਸਟਰ ਇੰਚਾਰਜਾਂ (ਨਿਮਨ ਅਨੁਸਾਰ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੈਡਿੰਗ ਰਿਪੋਰਟ ਮਿਤੀ: 24.06.2019 ਤੱਕ ਹਰ ਹਾਲਤ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜ਼ੋ ਮੁਕਾਬਲੇ ਉਪਰੰਤ ਸੂਚਨਾ ਮੁੱਖ ਦਫ਼ਤਰ ਨੂੰ ਭੇਜੀ ਜਾ ਸਕੇ। ਇਸ ਨੂੰ ਪਰਮਅਗੇਤ ਦਿੱਤੀ ਜਾਵੇ।

**ਡਿਫਾਲਟਰਜ਼ ਕੱਲਸਟਰਾਂ ਦੇ ਨਾਮ:** ਬਰੇਟਾ (ਮੁੰ), ਭੀਖੀ (ਮੁੰ), ਬਰ੍ਹੇ, ਬੀਰੋਕੇ ਕਲਾਂ, ਫੱਤਾ ਮਾਲੋਕਾ, ਬੀਰ ਹੋਡਲਾ ਕਲਾਂ, ਝੁਨੀਰ, ਰੱਲਾ (ਕੰ), ਖਿਆਲਾ ਕਲਾਂ (ਮੁੰ), ਕੁਲਰੀਆਂ, ਮਾਨਸਾ (ਮੁੰ), ਨੰਗਲ ਕਲਾਂ, ਫਫੜੇ ਭਾਈਕੇ (ਮੁੰ), ਭੈਣੀ ਬਾਘਾ।

21.06/19

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਮਾਨਸਾ।

Scanned by CamScanner